THE CENTER FOR EPILEPSY & SEIZURE EDUCATION IN BRITISH COLUMBIA

## ਗੱਡੀ ਚਲਾਉਣਾ ਅਤੇ ਮਿਰਗੀ (Driving and Epilepsy)

ਗੱਡੀ ਚਲਾਉਣ ਦੌਰਾਨ ਸੀਜ਼ਰ ਹੋਣਾ ਇਕ ਗੰਭੀਰ ਖਤਰਾ ਹੈ, ਨਾ ਸਿਰਫ ਡਰਾਈਵਰ ਅਤੇ ਮੁਸਾਫਰਾਂ ਲਈ, ਸਗੋਂ ਸੜਕ ਉਪਰਲੇ ਜਾਂ ਸੜਕ ਦੇ ਨੇੜੇ ਦੇ ਹੋਰ ਲੋਕਾਂ ਲਈ ਵੀ। ਇਸ ਕਰਕੇ ਮਿਰਗੀ ਵਾਲੇ ਲੋਕਾਂ ਦੇ ਗੱਡੀ ਚਲਾਉਣ 'ਤੇ ਆਮ ਤੌਰ 'ਤੇ ਪਾਬੰਦੀ ਹੁੰਦੀ ਹੈ।

ਗੱਡੀ ਚਲਾਉਣ ਦੀ ਸਹੂਲਤ ਬਾਰੇ ਫੈਸਲੇ ਤੁਹਾਡੇ ਡਾਕਟਰ, ਆਮ ਤੌਰ 'ਤੇ ਤੁਹਾਡੇ ਨਿਊਰੋਲੋਜਿਸਟ ਨਾਲ ਵਿਚਾਰ ਕਰਨ ਤੋਂ ਬਾਅਦ ਅਤੇ ਮੋਟਰ ਵਹੀਕਲਜ਼ ਐਕਟ ਦੇ ਹਿੱਸੇ ਵਜੋਂ ਸੂਬਾਈ ਸਰਕਾਰ ਦੀ ਮੋਟਰ ਵਹੀਕਲਜ਼ ਬਰਾਂਚ ਵਲੋਂ ਬਣਾਈਆਂ ਗਈਆਂ ਗਾਈਡਲਾਈਨਾਂ ਲਾਗੂ ਕਰਕੇ ਨਿੱਜੀ ਤੌਰ 'ਤੇ ਵਿਚਾਰੇ ਜਾਂਦੇ ਹਨ।

ਮੋਟਰ ਵਹੀਕਲਜ਼ ਦੇ ਸੁਪਰਇਨਟੈਨਡੈਂਟ ਦਾ ਦਫਤਰ (ਓ ਐੱਸ ਐੱਮ ਵੀ) ਡਰਾਈਵਰਾਂ ਬਾਰੇ ਪ੍ਰਬੰਧਕੀ ਅਥਾਰਟੀ ਹੈ। ਉਹ ਸਰਵਿਸ ਦੇਣ ਅਤੇ ਫੈਸਲੇ ਕਰਨ ਦੀਆਂ ਤਾਕਤਾਂ ਮਨਿਸਟਰੀ ਦੇ ਸਟਾਫ ਨੂੰ ਅਤੇ ਕੁਝ ਕੇਸਾਂ ਵਿਚ ਏਜੰਸੀਆਂ ਨੂੰ (ਜਿਵੇਂ ਕਿ ਆਈ ਸੀ ਬੀ ਸੀ) ਨੂੰ ਦਿੰਦੇ ਹਨ।

ਮੋਟਰ ਵਹੀਕਲਜ਼ ਦੇ ਸੁਪਰਇਨਟੈਨਡੈਂਟ ਦੇ ਦਫਤਰ (ਓ ਐੱਸ ਐੱਮ ਵੀ) ਨਾਲ ਸੰਪਰਕ ਕਰਨ ਦੀ ਜਾਣਕਾਰੀ: 250-387-7747
ਜਾਂ ਟੋਲ-ਫ੍ਰੀ: 1-855-387-7747
ਵੈੱਬਸਾਈਟ: www.pssg.gov.bc.ca/osmv
ਓ ਐੱਸ ਐੱਮ ਵੀ ਡਰਾਈਵਰਜ਼ ਵਿਦ ਐਪੀਲੈਪਸੀ ਫੈਕਟ ਸ਼ੀਟ: www.pssg.gov.bc.ca/osmv/shareddocs/factsheet-epilepsy.pdf

ਜੇ ਤੁਹਾਡੇ ਕੋਲ ਗੱਡੀ ਚਲਾਉਣ ਦੇ ਹੱਕ ਨਹੀਂ ਹਨ ਤਾਂ ਅਗਾਊਂ ਪਲੈਨਿੰਗ ਅਤੇ ਲਚਕਸ਼ੀਲਤਾ ਉਸ ਥਾਂ 'ਤੇ ਜਾਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਜਿੱਥੇ ਤੁਹਾਨੂੰ ਜਾਣ ਦੀ ਲੋੜ ਹੈ। ਕੁਝ ਸੁਝਾਅ ਹੇਠਾਂ ਦਿੱਤੇ ਗਏ ਹਨ:

- ਆਪਣੇ ਇਲਾਕੇ ਵਿਚ ਪਬਲਿਕ ਟ੍ਰਾਂਸਪੋਰਟ ਦੀਆਂ ਸੇਵਾਵਾਂ ਦੇ ਸਮੇਂ, ਰੇਟ ਅਤੇ ਰੂਟ ਜਾਣੋ। ਟ੍ਰਾਂਜ਼ਿਟ ਬੀ ਸੀ ਸੂਬੇ ਵਿਚ ਕਮਿਉਨਟੀ ਟ੍ਰਾਂਜ਼ਿਟ ਸੇਵਾਵਾਂ ਦਾ ਤਾਲਮੇਲ ਕਰਦੀ ਹੈ। ਤੁਸੀਂ ਉਨ੍ਹਾਂ ਸੇਵਾਵਾਂ ਬਾਰੇ ਸਮਾਂ-ਸੂਚੀਆਂ ਅਤੇ ਜਾਣਕਾਰੀ www.transitbc.com ਤੋਂ ਲੈ ਸਕਦੇ ਹੋ।
- ਕੰਮ, ਸਕੂਲ ਜਾਂ ਹੋਰ ਥਾਂਵਾਂ 'ਤੇ ਜਾਣ ਲਈ ਕਾਰਪੂਲ ਜਾਂ ਸਵਾਰੀ ਸਾਂਝੀ ਕਰਨ ਦੇ ਹੋਰ ਮੌਕਿਆਂ ਦਾ ਪਤਾ ਲਾਉ।
- ਗਰੌਸਰੀ ਅਤੇ ਦਵਾਈਆਂ ਲਈ ਘਰ ਵਿਚ ਡਲਿਵਰੀ ਦੀ ਸਰਵਿਸ ਵਰਤਣ ਬਾਰੇ ਵਿਚਾਰ ਕਰੋ। ਅਕਸਰ ਇਹ ਸੇਵਾਵਾਂ ਮੁਫਤ ਜਾਂ ਘੱਟ ਖਰਚੇ ਵਾਲੀਆਂ ਹੁੰਦੀਆਂ ਹਨ।
- ਆਪਣੇ ਇਲਾਕੇ ਵਿਚ ਅਪਾਹਜਤਾਵਾਂ (ਡਿਸਏਬਿਲਟੀਜ਼) ਵਾਲੇ ਲੋਕਾਂ ਲਈ ਪਹੁੰਚਯੋਗ ਟ੍ਰਾਂਜ਼ਿਟ ਸੇਵਾਵਾਂ ਬਾਰੇ ਪਤਾ ਕਰੋ ਜਿਵੇਂ ਕਿ ਹੈਂਡੀਡਾਰਟ ਜਾਂ ਸੀਨੀਅਰਾਂ ਲਈ ਵਾਲੰਟੀਅਰ ਡਰਾਈਵਰ ਸੇਵਾਵਾਂ। ਇਹ ਜ਼ਰੂਰੀ ਕੰਮਾਂ ਲਈ ਜਾਣ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ ਜਿਵੇਂ ਕਿ ਡਾਕਟਰ ਦੀ ਅਪੌਇੰਟਮੈਂਟ 'ਤੇ ਜਾਣਾ।
- ਜੇ ਤੁਸੀਂ ਸਾਈਕਲ ਚਲਾਉਣ ਦੇ ਯੋਗ ਹੋਵੋ ਅਤੇ ਚਲਾਉਣ ਲਈ ਆਰਾਮਦੇਹ ਮਹਿਸੂਸ ਕਰਦੇ ਹੋਵੋ ਤਾਂ ਇਹ ਇਧਰ ਉਧਰ ਜਾਣ ਦਾ ਇਕ ਬਹੁਤ ਵਧੀਆ ਤਰੀਕਾ ਹੈ। ਨਿਸ਼ਚਤ ਕੀਤੇ ਗਏ ਸਾਈਕਲ ਰੂਟਾਂ ਅਤੇ ਲੇਨਾਂ ਦੀ ਵਰਤੋਂ ਕਰੋ ਜਾਂ ਘੱਟ ਤੋਂ ਘੱਟ ਟਰੈਫਿਕ ਵਾਲੀਆਂ ਸਟਰੀਟਾਂ 'ਤੇ ਜਾਉ। ਸਦਾ ਹੈਲਮੈਟ ਪਾਉ।
- ਜਿੰਨਾ ਵੀ ਹੋ ਸਕੇ ਔਨਲਾਈਨ ਜਾਂ ਫੋਨ 'ਤੇ ਅਜਿਹੀਆਂ ਚੀਜ਼ਾਂ ਖਰੀਦੋ ਜਿਹੜੀਆਂ ਘਰ ਡਲਿਵਰ ਕੀਤੀਆਂ ਜਾਣ।
- ਰੇਲ, ਫੈਰੀ, ਜਾਂ ਲੰਮੀ ਦੂਰੀ ਦੇ ਬੱਸ ਟ੍ਰਿਪ (ਜਿਵੇਂ ਕਿ ਗਰੇਅਹਾਊਂਡ) ਬੁੱਕ ਕਰਨ ਵੇਲੇ ਇਹ ਪੁੱਛੋ ਕਿ ਕੀ ਅਪਾਹਜਤਾਵਾਂ ਵਾਲੇ ਲੋਕਾਂ ਲਈ ਰੇਟਾਂ ਵਿਚ ਰਿਆਇਤ ਹੈ।
- ਪਰਿਵਾਰ, ਦੋਸਤਾਂ ਜਾਂ ਗੁਆਂਢੀਆਂ ਤੋਂ ਮਦਦ ਮੰਗੋ। ਉਹ ਜਾਣ ਵੇਲੇ ਤੁਹਾਨੂੰ ਕੁਝ ਥਾਂਵਾਂ ਲਈ ਰਾਈਡ ਦੇਣ ਦੇ ਯੋਗ ਹੋ ਸਕਦੇ ਹਨ (ਜਿਵੇਂ ਕਿ ਗਰੌਸਰੀ ਸਟੋਰ, ਮਾਲ ਜਾਂ ਕੋਈ ਸਮਾਜਿਕ ਪ੍ਰੋਗਰਾਮ)।

| **ਸੀਜ਼ਰ ਦੀ ਕਿਸਮ** | **ਪ੍ਰਾਈਵੇਟ ਡਰਾਈਵਰ ਕਲਾਸ 5 -8** | **ਕਮਰਸ਼ੀਅਲ ਡਰਾਈਵਰ ਕਲਾਸ 1-4** |
|---|---|---|
| ਰੋਗ ਦੀ ਪਛਾਣ ਹੋਣ ਤੋਂ ਪਹਿਲਾਂ ਇਕ | ਨਰਵਿਸ ਸਿਸਟਮ ਬਾਰੇ ਟੈੱਸਟ ਕਰਨ ਦੀ | ਨਰਵਿਸ ਸਿਸਟਮ ਬਾਰੇ ਟੈੱਸਟ ਕਰਨ ਦੀ |

| | | |
|---|---|---|
| ਅਕਾਰਣ ਸੀਜ਼ਰ | ਲੋੜ ਹੈ, ਜਿਸ ਵਿਚ ਈ ਈ ਜੀ ਅਤੇ ਇਮੇਜਿੰਗ ਸ਼ਾਮਲ ਹਨ। ਰੋਗ ਦੀ ਪਛਾਣ ਜਾਂ ਕਾਰਨ ਦੇ ਪਤਾ ਲੱਗਣ ਤੱਕ ਗੱਡੀ ਚਲਾਉਣ ਤੋਂ ਮਨਾਹੀ, ਘੱਟੋ ਘੱਟ ਤਿੰਨ ਮਹੀਨਿਆਂ ਲਈ। | ਲੋੜ ਹੈ, ਜਿਸ ਵਿਚ ਈ ਈ ਜੀ ਅਤੇ ਇਮੇਜਿੰਗ ਸ਼ਾਮਲ ਹਨ। ਰੋਗ ਦੀ ਪਛਾਣ ਜਾਂ ਕਾਰਨ ਦੇ ਪਤਾ ਲੱਗਣ ਤੱਕ ਗੱਡੀ ਚਲਾਉਣ ਤੋਂ ਮਨਾਹੀ, 12 ਮਹੀਨਿਆਂ ਲਈ। |
| ਮਿਰਗੀ ਦੀ ਪਛਾਣ ਤੋਂ ਬਾਅਦ | ਜੇ ਦਵਾਈ ਨਾਲ ਛੇ ਮਹੀਨੇ ਸੀਜ਼ਰ ਨਾ ਹੋਵੇ ਅਤੇ ਡਾਕਟਰ ਨੂੰ ਯਕੀਨ ਹੈ ਕਿ ਵਿਅਕਤੀ ਇਮਾਨਦਾਰ ਅਤੇ ਭਰੋਸੇਯੋਗ ਹੈ ਤਾਂ ਵਿਅਕਤੀ ਗੱਡੀ ਚਲਾ ਸਕਦਾ ਹੈ। | ਜੇ ਆਪਣੇ ਡਾਕਟਰ/ਨਿਊਰੋਲੋਜਿਸਟ ਦੀ ਮਦਦ ਨਾਲ ਦਵਾਈਆਂ 'ਤੇ ਜਾਂ ਬਗੈਰ ਪੰਜ ਸਾਲਾਂ ਲਈ ਸੀਜ਼ਰ ਮੁਕਤ ਹੋਵੇ ਤਾਂ ਵਿਅਕਤੀ ਗੱਡੀ ਚਲਾ ਸਕਦਾ ਹੈ। |
| ਮਿਰਗੀ ਦੇ ਸੀਜ਼ਰਾਂ ਤੋਂ ਰੋਕਥਾਮ ਕਰਨ ਲਈ ਸਰਜਰੀ ਤੋਂ ਬਾਅਦ | ਸਰਜਰੀ ਤੋਂ ਬਾਅਦ ਘੱਟੋ ਘੱਟ ਛੇ ਮਹੀਨਿਆਂ ਲਈ ਸੀਜ਼ਰ ਤੋਂ ਮੁਕਤ ਹੋਣਾ ਜ਼ਰੂਰੀ ਹੈ। | ਜੇ ਆਪਣੇ ਡਾਕਟਰ/ਨਿਊਰੋਲੋਜਿਸਟ ਦੀ ਮਦਦ ਨਾਲ ਦਵਾਈਆਂ 'ਤੇ ਜਾਂ ਬਗੈਰ ਪੰਜ ਸਾਲਾਂ ਲਈ ਸੀਜ਼ਰ ਮੁਕਤ ਹੋਵੇ ਤਾਂ ਵਿਅਕਤੀ ਗੱਡੀ ਚਲਾ ਸਕਦਾ ਹੈ। |
| ਨੀਂਦ ਵਿਚ ਜਾਂ ਜਾਗਣ ਤੋਂ ਫੌਰਨ ਬਾਅਦ ਸੀਜ਼ਰ | ਗੱਡੀ ਚਲਾ ਸਕਦਾ ਹੈ ਜੇ ਪੰਜਾਂ ਸਾਲਾਂ ਲਈ ਸੀਜ਼ਰ ਸਿਰਫ ਨੀਂਦ ਵਿਚ ਜਾਂ ਜਾਗਣ 'ਤੇ ਹੋਏ ਹਨ। | ਜੇ ਆਪਣੇ ਡਾਕਟਰ/ਨਿਊਰੋਲੋਜਿਸਟ ਦੀ ਮਦਦ ਨਾਲ ਦਵਾਈਆਂ 'ਤੇ ਜਾਂ ਬਗੈਰ ਪੰਜ ਸਾਲਾਂ ਲਈ ਸੀਜ਼ਰ ਮੁਕਤ ਹੋਵੇ ਤਾਂ ਵਿਅਕਤੀ ਗੱਡੀ ਚਲਾ ਸਕਦਾ ਹੈ। |
| ਦਵਾਈ ਦੀ ਘਾਟ ਜਾਂ ਤਬਦੀਲੀ:<br>ਏ) ਮੁਢਲੀ ਘਾਟ ਜਾਂ ਦਵਾਈ ਵਿਚ ਤਬਦੀਲੀ | ਦਵਾਈ ਬੰਦ ਕਰਨ ਜਾਂ ਬਦਲਣ ਦੇ ਸਮੇਂ ਤੋਂ ਬਾਅਦ ਤਿੰਨ ਮਹੀਨਿਆਂ ਲਈ ਗੱਡੀ ਨਾ ਚਲਾਉਣਾ ਜ਼ਰੂਰੀ ਹੈ। | ਜੇ ਆਪਣੇ ਡਾਕਟਰ/ਨਿਊਰੋਲੋਜਿਸਟ ਦੀ ਮਦਦ ਨਾਲ ਦਵਾਈਆਂ 'ਤੇ ਜਾਂ ਬਗੈਰ ਪੰਜ ਸਾਲਾਂ ਲਈ ਸੀਜ਼ਰ ਮੁਕਤ ਹੋਵੇ ਤਾਂ ਵਿਅਕਤੀ ਗੱਡੀ ਚਲਾ ਸਕਦਾ ਹੈ। |
| ਬੀ) ਜੇ ਨਿਗਰਾਨੀ ਹੇਠ ਦਵਾਈ ਬੰਦ ਕਰਨ ਜਾਂ ਦਵਾਈ ਵਿਚ ਤਬਦੀਲੀ ਤੋਂ ਬਾਅਦ ਸੀਜ਼ਰ ਦੁਬਾਰਾ ਹੁੰਦੇ ਹਨ | ਦਵਾਈ ਲੈਣਾ ਸ਼ੁਰੂ ਕਰਨ ਤੋਂ ਬਾਅਦ ਗੱਡੀ ਚਲਾ ਸਕਦਾ ਹੈ, ਜੇ ਡਾਕਟਰ ਮਹਿਸੂਸ ਕਰਦਾ ਹੈ ਕਿ ਦਵਾਈ ਢੁਕਵੀਂ ਹੈ, ਅਤੇ ਜੇ ਵਿਅਕਤੀ ਪਹਿਲਾਂ ਇਕ ਸਾਲ ਲਈ ਸੀਜ਼ਰ ਮੁਕਤ ਰਿਹਾ ਸੀ। | ਜੇ ਆਪਣੇ ਡਾਕਟਰ/ਨਿਊਰੋਲੋਜਿਸਟ ਦੀ ਮਦਦ ਨਾਲ ਦਵਾਈਆਂ 'ਤੇ ਜਾਂ ਬਗੈਰ ਪੰਜ ਸਾਲਾਂ ਲਈ ਸੀਜ਼ਰ ਮੁਕਤ ਹੋਵੇ ਤਾਂ ਵਿਅਕਤੀ ਗੱਡੀ ਚਲਾ ਸਕਦਾ ਹੈ। |
| ਕੰਬਣੀ (ਸਿੰਪਲ ਪਾਰਸ਼ਲ ਸੀਜ਼ਰ) | ਗੱਡੀ ਚਲਾ ਸਕਦਾ ਹੈ ਜੇ ਸੋਝੀ ਜਾਂ ਬੁੱਧੀ ਦੇ ਪੱਧਰ ਵਿਚ ਵਿਗਾੜ ਨਹੀਂ ਹੈ, ਸੀਜ਼ਰਾਂ ਵਿਚ 12 ਤੋਂ ਜ਼ਿਆਦਾ ਮਹੀਨਿਆਂ ਤੋਂ ਤਬਦੀਲੀ ਨਹੀਂ ਆਈ, ਅਤੇ ਨਿਊਰੋਲੋਜਿਸਟ ਨੇ ਆਗਿਆ ਦਿੱਤੀ ਹੈ। | |
| ਸ਼ਰਾਬ ਛੱਡਣ ਨਾਲ ਸ਼ੁਰੂ ਹੋਏ ਸੀਜ਼ਰ | ਛੇ ਮਹੀਨਿਆਂ ਤੋਂ ਬਾਅਦ ਗੱਡੀ ਚਲਾ ਸਕਦਾ ਹੈ ਜੇ ਛੇ ਮਹੀਨਿਆਂ ਲਈ ਸ਼ਰਾਬ ਅਤੇ ਸੀਜ਼ਰ ਤੋਂ ਮੁਕਤ ਹੈ ਅਤੇ ਨਸ਼ਿਆਂ 'ਤੇ ਨਿਰਭਰਤਾ ਤੋਂ ਰੀਹੈਬਲੀਟੇਸ਼ਨ ਦਾ ਪ੍ਰਵਾਨਿਤ ਪ੍ਰੋਗਰਾਮ ਪੂਰਾ ਕੀਤਾ ਹੈ ਅਤੇ ਸ਼ਾਮਲ ਅਲਕੋਹਲ ਅਤੇ ਡਰੱਗ ਸੈਂਟਰ ਦੇ ਡਾਇਰੈਕਟਰ ਤੋਂ ਸਟੇਟਮੈਂਟ ਮਿਲੀ ਹੈ। | ਛੇ ਮਹੀਨਿਆਂ ਤੋਂ ਬਾਅਦ ਗੱਡੀ ਚਲਾ ਸਕਦਾ ਹੈ ਜੇ ਛੇ ਮਹੀਨਿਆਂ ਲਈ ਸ਼ਰਾਬ ਅਤੇ ਸੀਜ਼ਰ ਤੋਂ ਮੁਕਤ ਹੈ ਅਤੇ ਨਸ਼ਿਆਂ 'ਤੇ ਨਿਰਭਰਤਾ ਤੋਂ ਰੀਹੈਬਲੀਟੇਸ਼ਨ ਦਾ ਪ੍ਰਵਾਨਿਤ ਪ੍ਰੋਗਰਾਮ ਪੂਰਾ ਕੀਤਾ ਹੈ ਅਤੇ ਸ਼ਾਮਲ ਅਲਕੋਹਲ ਅਤੇ ਡਰੱਗ ਸੈਂਟਰ ਦੇ ਡਾਇਰੈਕਟਰ ਤੋਂ ਸਟੇਟਮੈਂਟ ਮਿਲੀ ਹੈ। |

ਜੇ ਤੁਹਾਡੇ ਸੀਜ਼ਰ ਕੰਟਰੋਲ ਵਿਚ ਹਨ ਅਤੇ ਤੁਸੀਂ ਗੱਡੀ ਚਲਾਉਣ ਦਾ ਹੱਕ ਲਿਆ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਦਵਾਈਆਂ ਦੱਸੇ ਮੁਤਾਬਕ ਲਵੋ ਅਤੇ ਗੱਡੀ ਚਲਾਉਣ ਦੇ ਸਮਿਆਂ ਦੁਆਲੇ ਥਕੇਂਵੇਂ ਜਾਂ ਸ਼ਰਾਬ ਤੋਂ ਪਰਹੇਜ਼ ਕਰੋ। ਜੇ ਸੀਜ਼ਰ ਦੁਬਾਰਾ ਹੋਇਆ ਹੈ ਜਾਂ ਅਸਾਧਾਰਣ ਸੀਜ਼ਰ ਹੋਇਆ ਹੈ ਜਾਂ ਸਾਵਧਾਨੀ ਦਾ ਨੁਕਸਾਨ ਹੋਇਆ ਹੈ ਤਾਂ ਗੱਡੀ ਚਲਾਉਣਾ ਬੰਦ ਕਰੋ ਅਤੇ ਆਪਣੇ ਡਾਕਟਰ ਜਾਂ ਨਿਊਰੋਲੋਜਿਸਟ ਨਾਲ ਸੰਪਰਕ ਕਰੋ।

*ਨੋਟ: ਬੀ ਸੀ ਵਿਚ ਮਿਰਗੀ ਜਾਂ ਕੋਈ ਹੋਰ ਬੀਮਾਰੀ ਹੋਣ ਦਾ ਅਸਰ ਤੁਹਾਡੇ ਇਨਸ਼ੋਰੈਂਸ ਦੇ ਰੇਟਾਂ 'ਤੇ ਨਹੀਂ ਪਵੇਗਾ। ਬੀ ਸੀ ਵਿਚ ਇਨਸ਼ੋਰੈਂਸ ਰੇਟਾਂ ਦਾ ਫੈਸਲਾ ਤੁਹਾਡੇ ਸਥਾਨ, ਤੁਹਾਡੇ ਕਲੇਮਾਂ ਦੀ ਹਿਸਟਰੀ, ਡਰਾਈਵਰ ਲਾਇਸੰਸ ਦੀ ਕਲਾਸ, ਅਤੇ ਉਸ ਵਾਧੂ ਕਵਰੇਜ ਨਾਲ ਹੁੰਦਾ ਹੈ ਜਿਹੜੀ ਖਰੀਦਣ ਦੀ ਤੁਸੀਂ ਚੋਣ ਕਰਦੇ ਹੋ।*

ਅਗਸਤ 2013 ਵਿਚ ਵੰਡਣ ਲਈ ਮਨਜ਼ੂਰ ਕੀਤਾ (ਸੀ ਐੱਚ)

**Reprinted with permission from the BC Epilepsy Society: www.bcepilepsy.com**

**Your local epilepsy support agency is:**


THE CENTER FOR EPILEPSY & SEIZURE EDUCATION IN BRITISH COLUMBIA

**#112 – 32868 Ventura Avenue**
**Abbotsford, BC V2S 6J3**
**604-853-7399** **info@esebc.ca** **www.esebc.ca**